# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 02-08-2024**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਪ੍ਰਧਾਨਗੀ ਹੇਠ ਰਾਜਪਾਲਾਂ ਦੀ ਦੋ ਦਿਨ ਦੀ ਕਾਨਫਰੰਸ ਅੱਜ ਰਾਸ਼ਟਰਪਤੀ ਭਵਨ ਵਿੱਚ ਸ਼ੁਰੂ ਹੋ ਗਈ ਏ।
- ਪੰਜਾਬ ਸਰਕਾਰ ਨੇ 24 IPS ਅਤੇ 4 PPS ਅਧਿਕਾਰਿਆਂ ਦੇ ਤਬਾਦਲੇ ਤੇ ਨਿਯੁਕਤੀ ਸੰਬੰਧੀ ਹੁਕਮ ਜਾਰੀ ਕੀਤੇ ਨੇ।
- ਸ਼ਰਾਵਨ ਮਹੀਨੇ ਵਿੱਚ ਅੱਜ ਮਹਾ-ਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ 'ਤੇ, ਸ਼ਿਵ ਮੰਦਰਾਂ ਵਿਚ ਸ਼ਿਵਲਿੰਗ ਦਾ ਜਲਾਭਿਸ਼ੇਕ ਅਤੇ ਰੁਦਰਾੱਭਿਸ਼ੇਕ ਕੀਤਾ ਗਿਆ।
- ਕਾਂਸੇ ਦੇ ਦੋ ਤਗਮੇ ਆਪਣੇ ਨਾਮ ਕਰ ਚੁੱਕੀ ਸ਼ੂਟਰ ਮਨੂ ਭਾਕਰ, 25 ਮੀਟਰ ਏਅਰ ਪਿਸਟਲ ਦੇ ਫਾਈਨਲ ਵਿਚ ਕਲ ਤੀਜੇ ਤਗਮੇ ਤੇ ਨਿਸ਼ਾਨਾ ਵਿਨ੍ਹੇਗੀ ਜਦਕਿ ਹਾਕੀ ਵਿਚ ਭਾਰਤ ਆਸਟ੍ਰੇਲੀਆ ਤੋਂ 3 - 2 ਨਾਲ ਮੈਚ ਜਿੱਤ ਗਿਐ।

---------------------------------------------------

ਰਾਜਪਾਲਾਂ ਦੀ ਦੋ ਦਿਨ ਦੀ ਕਾਨਫਰੰਸ ਅੱਜ ਰਾਸ਼ਟਰਪਤੀ ਭਵਨ ਵਿੱਚ ਸ਼ੁਰੂ ਹੋਈ। ਕਾਨਫਰੰਸ ਦੀ ਪ੍ਰਧਾਨਗੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਕਰ ਰਹੇ ਨੇ। ਰਾਸ਼ਟਰਪਤੀ ਮੁਰਮੂ ਦੀ ਪ੍ਰਧਾਨਗੀ ਹੇਠ ਰਾਜਪਾਲਾਂ ਦੀ ਇਹ ਪਹਿਲੀ ਕਾਨਫਰੰਸ ਏ ਅਤੇ ਇਸ ਵਿੱਚ ਸਾਰੇ ਸੂਬਿਆਂ ਦੇ ਰਾਜਪਾਲ ਹਿੱਸਾ ਲੈ ਰਹੇ ਨੇ। ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕਈ ਕੇਂਦਰੀ ਮੰਤਰੀ ਵੀ ਕਾਨਫਰੰਸ ਵਿੱਚ ਸ਼ਾਮਲ ਨੇ। ਕਾਨਫਰੰਸ ਦੇ ਏਜੰਡੇ ਵਿੱਚ ਤਿੰਨ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨਾ, ਉੱਚ ਸਿੱਖਿਆ ਵਿੱਚ ਸੁਧਾਰ ਅਤੇ ਕੇਂਦਰਿਤ ਖੇਤਰਾਂ ਦਾ ਵਿਕਾਸ ਸ਼ਾਮਲ ਨੇ। ਗਵਰਨਰ ਵੱਖ-ਵੱਖ ਵੱਖ-ਵੱਖ ਸਮੂਹਾਂ ਵਿੱਚ ਏਜੰਡੇ ਦੀਆਂ ਆਈਟਮਾਂ 'ਤੇ ਵਿਚਾਰ ਕਰਨਗੇ। ਸਮਾਪਤੀ ਸੈਸ਼ਨ ਵਿੱਚ, ਇਹ ਸਮੂਹ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰ ਪ੍ਰਤੀਭਾਗੀਆਂ ਦੇ ਸਾਹਮਣੇ ਪੇਸ਼ਕਾਰੀ ਕਰਨਗੇ।

------------------------------------------------

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਕਿਹਾ ਏ, ਕਿ NEET-UG ਇਮਤਿਹਾਨ ਵਿੱਚ ਕਿਸੇ ਪ੍ਰਣਾਲੀਗਤ ਤੌਰ 'ਤੇ ਪਵਿੱਤਰਤਾ ਦੀ ਉਲੰਘਣਾ ਨਾ ਹੋਣ 'ਤੇ, ਸੁਪਰੀਮ ਕੋਰਟ ਦਾ ਨਿਰੀਖਣ ਅਤੇ ਇਸ ਲਈ ਕੋਈ ਵੀ ਪੁਨਰ- ਪ੍ਰੀਖਿਆ ਸਰਕਾਰ ਦੇ ਸਟੈਂਡ ਦੀ ਪੁਸ਼ਟੀ ਨਹੀਂ ਕਰਦੀ

। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਨਾਂ ਕਿਹਾ ਕਿ ਸਰਕਾਰ ਛੇੜਛਾੜ - ਮੁਕਤ, ਪਾਰਦਰਸ਼ੀ ਅਤੇ ਗਲਤੀ ਰਹਿਤ ਪ੍ਰੀਖਿਆ ਪ੍ਰਣਾਲੀ ਲਈ ਵਚਨਬੱਧ ਏ । ਉਨ੍ਹਾਂ ਕਿਹਾ ਕਿ ਇਸ ਨੂੰ ਯਕੀਨੀ ਬਣਾਉਣ ਲਈ ਸਰਕਾਰ ਮਾਹਿਰਾਂ ਦੀ ਉੱਚ-ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਛੇਤੀ ਤੋਂ ਛੇਤੀ ਲਾਗੂ ਕਰੇਗੀ ।

---------------------------------------------------------

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਪ੍ਰੈਸ ਸੂਚਨਾ ਬਿਊਰੋ ਦੀ ਤੱਥ ਜਾਂਚ ਯੂਨਿਟ ਨੇ, ਸਾਲ 2019 ਤੋਂ ਹੁਣ ਤੱਕ ਕੁੱਲ 9 ਹਜ਼ਾਰ 922 ਸੁਨੇਹਿਆਂ ਦਾ ਜਾਅਲੀ ਖ਼ਬਰਾਂ ਵਜੋਂ ਪਰਦਾਫਾਸ਼ ਕੀਤਾ ਏ । ਇਹ ਜਾਣਕਾਰੀ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਡਾ. ਐਲ. ਮੁਰੂਗਨ ਨੇ ਅੱਜ ਰਾਜ ਸਭਾ ਵਿੱਚ ਦਿੱਤੀ। ਉਨਾਂ ਕਿਹਾ ਕਿ ਤੱਥ ਜਾਂਚ ਯੂਨਿਟ ਦੀ ਸਥਾਪਨਾ 2019 ਵਿੱਚ ਕੀਤੀ ਗਈ ਸੀ ਅਤੇ ਇਸ ਦੀਆਂ ਖੇਤਰੀ ਇਕਾਈਆਂ ਨੂੰ ਸਥਾਪਤ ਕਰਨ ਦੀ ਕੋਈ ਯੋਜਨਾ ਨਹੀਂ ਏ ਅਤੇ ਤੱਥ ਜਾਂਚ ਯੂਨਿਟ ਦਿੱਲੀ ਵਿੱਚ ਹੀ ਏ । ਜਾਅਲੀ ਖ਼ਬਰਾਂ ਨੂੰ ਸਮਾਜਿਕ ਬੁਰਾਈ ਕਰਾਰ ਦਿੰਦਿਆਂ, ਉਨਾਂ ਕਿਹਾ ਕਿ ਜਾਅਲੀ ਖ਼ਬਰਾਂ ਅਤੇ ਗੁੰਮਰਾਹਕੁੰਨ ਸੂਚਨਾਵਾਂ 'ਤੇ ਕਾਬੂ ਪਾਇਆ ਜਾਣਾ ਚਾਹੀਦਾ ਏ । ਫਰਜ਼ੀ

ਖ਼ਬਰਾਂ 'ਤੇ TMC ਸੰਸਦ ਮੈਂਬਰ ਦੇ ਸਵਾਲ ਦਾ ਜਵਾਬ ਦਿੰਦੇ ਹੋਏ, ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਭਾਰਤ ਸਰਕਾਰ ਨਾਲ ਸਬੰਧਤ ਕੁਝ ਵੀ ਸਿਰਫ ਸਰਕਾਰ ਹੀ ਕਹਿ ਸਕਦੀ ਏ ਕਿ ਇਹ ਸਹੀ ਏ ਜਾਂ ਨਹੀਂ । ਰਾਜਸਭਾ ਦੇ ਸਭਾਪਤੀ ਜਗਦੀਪ ਧਨਖੜ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ ਏ ਅਤੇ ਇਹ ਲੋਕਤੰਤਰ ਦੀ ਜ਼ਰੂਰੀ ਪੂੰਜੀ ਏ ।

---------------------------------------------------

ਪੰਜਾਬ ਸਰਕਾਰ ਨੇ ਅੱਜ ਪੁਲਿਸ ਮਹਿਕਮੇ ਵਿਚ ਇਕ ਵੱਡਾ ਫੇਰਬਦਲ ਕਰਦਿਆਂ, 24 ਆਈ. ਪੀ. ਐਸ. ਤੇ 4 ਪੀ. ਪੀ. ਐਸ. ਅਧਿਕਾਰਿਆਂ ਦੇ ਤਬਾਦਲੇ ਤੇ ਨਿਯੁਕਤੀ ਸੰਬੰਧੀ ਹੁਕਮ ਜਾਰੀ ਕੀਤੇ ਨੇ । ਸੂਬੇ ਦੇ 14 ਜ਼ਿਲਿਆਂ ਦੇ ਸੀਨੀਅਰ ਪੁਲਿਸ ਕਪਤਾਨਾਂ ਦਾ ਵੀ ਤਬਾਦਲਾ ਕੀਤਾ ਗਿਆ ਏ । ਇਨਾਂ ਵਿਚ ਮੋਹਾਲੀ, ਪਟਿਆਲਾ, ਬਠਿੰਡਾ, ਫਾਜ਼ਿਲਕਾ, ਮਾਨਸਾ, ਮੋਗਾ, ਮਾਲੇਰਕੋਟਲਾ, ਪਠਾਨਕੋਟ, ਮੁਕਤਸਰ, ਫਰੀਦਕੋਟ, ਤਰਨਤਾਰਨ, ਬਟਾਲਾ ਅਤੇ ਅੰਮ੍ਰਿਤਸਰ ਦਿਹਾਤੀ ਤੇ ਜਲੰਧਰ ਦਿਹਾਤੀ ਦੇ ਐਸ ਐਸ ਪੀ ਸ਼ਾਮਲ ਨੇ ।

---------------------------------------------------

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ, ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਏ ਕਿ ਕਾਂਗਰਸ ਪਾਰਟੀ ਦੇ ਆਗੂ ਤੇ ਵਿਰੋਧੀ ਧਿਰ ਦੇ ਨੇਤਾ, ਰਾਹੁਲ ਗਾਂਧੀ ਵਲੋਂ, ਬੜੀ ਜ਼ੋਰ-ਸ਼ੋਰ ਨਾਲ ਜਾਤੀ ਜਨਗਣਨਾ ਕਰਾਉਣ ਉਤੇ ਜ਼ੋਰ ਪਾਇਆ ਜਾ ਰਿਹਾ ਏ, ਜਦਕਿ ਦੇਸ਼ ਵਿਚ ਪਹਿਲਾਂ ਹੀ ਅਣਗਿਣਤ ਜਾਤਾਂ, ਗੋਤ, ਊਚ - ਨੀਚ ਅਤੇ ਫਿਰਕਾਪ੍ਰਸਤੀ ਫੈਲੀ ਹੋਈ ਏ । ਫਤਹਿਗੜ੍ਹ ਸਾਹਿਬ ਤੋਂ ਜਾਰੀ ਇਕ ਬਿਆਨ ਵਿਚ, ਉਨ੍ਹਾਂ ਕਿਹਾ ਕਿ ਲੋਕਾਂ ਵਿਚ ਇਸ ਜਾਤ- ਵੰਡ ਨੇ, ਸਮਾਜ ਅੰਦਰ ਅਨੇਕਾਂ ਹੀ ਬਖੇੜੇ ਖੜੇ ਕੀਤੇ ਹੋਏ ਨੇ ਅਤੇ ਨਫਰਤ ਫੈਲੀ ਹੋਈ ਏ । ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਇਹ ਮੰਗ ਉੱਕਾ ਹੀ ਗੈਰ-ਕੁਦਰਤੀ, ਗੈਰ- ਸਮਾਜਿਕ ਅਤੇ ਅਨੈਤਿਕਤਾ ਵਾਲੀ ਏ । ਉਨਾਂ ਕਿਹਾ ਕਿ ਜੇਕਰ ਇਹ ਮੰਗ ਮੰਨ ਲਈ ਜਾਵੇ ਤਾਂ ਉਸ ਹਾਲਤ ਵਿਚ ਦੇਸ ਅੰਦਰ ਫਿਰਕਾਪ੍ਰਸਤੀ ਤੇ ਊਚ-ਨੀਚ ਹੋਰ ਵਧੇਗੀ ਅਤੇ ਨਫਰਤ ਦਾ ਬੋਲਬਾਲਾ ਹੋਵੇਗਾ। ਇਸ ਨਾਲ ਲਾਭ ਤਾਂ ਸ਼ਾਇਦ ਹੀ ਕਿਸੇ ਨੂੰ ਹੋਵੇ, ਪਰ ਨੁਕਸਾਨ ਜ਼ਰੂਰ ਹੋਵੇਗਾ । ਉਨਾਂ ਕਿਹਾ ਕਿ ਇਸ ਲਈ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੂੰ ਅਜਿਹੇ ਕਾਰਜਾਂ ਬਾਰੇ ਸੋਚਣਾਂ ਵੀ ਨਹੀਂ ਚਾਹੀਦਾ ਏ । ਪ੍ਰੋਫੈਸਰ ਬਡੂੰਗਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਅਪੀਲ ਏ ਕਿ ਉਹ ਅਜਿਹੇ ਹੀ ਕ਼ਾਨੂਨ ਪਾਸ ਹੋਣ ਦੇਣ, ਜਿੰਨਾ ਨਾਲ ਦੇਸ ਦਾ ਭਲਾ ਹੋਵੇ ।

---------------------------------------------------------------

ਪੰਜਾਬ ਦੇ DGP ਗੌਰਵ ਯਾਦਵ ਦੇ ਹੁਕਮਾਂ ਤੋਂ ਬਾਅਦ, ਅੰਮ੍ਰਿਤਸਰ ਟਰੈਫਿਕ ਪੁਲਿਸ ਦੀਆਂ ਪੇਟ੍ਰੋਲਿੰਗ ਗੱਡੀਆਂ ਤੇ ਹਾਈ ਡੈਫੀ-ਨੇਸ਼ਨ ਸੀ.ਸੀ.ਟੀ.ਵੀ ਕੈਮਰੇ ਲਗਾਏ ਗਏ ਨੇ। ਅੰਮ੍ਰਿਤਸਰ ਟਰੈਫਿਕ ਪੁਲਿਸ ਪੰਜਾਬ ਦੀ ਪਹਿਲੀ ਟਰੈਫਿਕ ਪੁਲਿਸ ਏ ਜਿਸ ਦੀਆਂ ਗੱਡੀਆਂ ਤੇ ਹਾਈ ਡੈਫੀਨੇਸ਼ਨ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਨੇ। ਇਹ ਕੈਮਰੇ ਟਰੈਫਿਕ ਪੁਲਿਸ ਦੇ ਮੁਲਾਜ਼ਮਾਂ ਅਤੇ ਅੰਮ੍ਰਿਤਸਰ ਵਾਸੀਆਂ ਤੇ ਨਜ਼ਰ ਰੱਖਣਗੇ। ਅੰਮ੍ਰਿਤਸਰ ਟਰੈਫਿਕ ਪੁਲਿਸ ਦੇ ਇੰਚਾਰਜ ਪਰਮਜੀਤ ਸਿੰਘ ਨੇ ਕਿਹਾ ਕਿ ਨਾਕੇ ਤੇ ਅਕਸਰ ਹੀ ਆਮ ਲੋਕ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਤੋਂ ਬਾਅਦ ਟਰੈਫਿਕ ਪੁਲਿਸ ਤੇ ਦੋਸ਼ ਲਗਾਉਂਦੇ ਨੇ ਪਰ ਹੁਣ ਸਭ ਕੁਝ ਸੀ ਸੀ ਟੀ ਵੀ ਕੈਮਰਾ ਰਿਕਾਰਡ ਕਰੇਗਾ, ਜਿਸ ਦਾ ਕੰਟਰੋਲ ਰੂਮ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਦਫਤਰ ਵਿਚ ਬਣਾਇਆ ਗਿਆ ਏ। ਉਨਾਂ ਕਿਹਾ ਕਿ ਅੰਮ੍ਰਿਤਸਰ ਟਰੈਫਿਕ ਪੁਲਿਸ ਦੇ ਕੋਲ ਸੱਤ ਗੱਡੀਆਂ ਨੇ ਅਤੇ 7 ਗੱਡੀਆਂ ਦੇ ਵਿੱਚ ਹਾਈ ਡੈਫੀਨੇਸ਼ਨ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਨੇ।

-------------------------------------------------------

ਸ਼ਰਾਵਨ ਮਹੀਨੇ ਵਿੱਚ ਅੱਜ ਮਹਾ-ਸ਼ਿਵਰਾਤਰੀ ਦਾ ਪਵਿੱਤਰ ਦਿਹਾੜਾ ਏ। ਇਸ ਸ਼ੁਭ ਦਿਹਾੜੇ 'ਤੇ ਸ਼ਰਧਾਲੂ ਸਵੇਰ ਤੋਂ ਹੀ ਸ਼ਿਵ ਮੰਦਰਾਂ ਵਿਚ ਪ੍ਹੁੱਜਦੇ ਰਹੇ। ਜਲੰਧਰ ਵਿਚ ਸ੍ਰੀ ਦੇਵੀ ਤਾਲਾਬ ਮੰਦਿਰ ਸਮੇਤ ਹੋਰਨਾਂ ਮੰਦਰਾਂ ਵਿਚ ਲੋਕਾਂ ਨੇ ਪੂਰੀ ਸ਼ਰਧਾ ਤੇ ਵਿਧੀ ਵਿਧਾਨ ਨਾਲ, ਸ਼ਿਵਲਿੰਗ ਦਾ ਜਲਾਭਿਸ਼ੇਕ ਅਤੇ ਰੁਦਰਾੱਭਿਸ਼ੇਕ ਕੀਤਾ। ਸ਼ਿਵ ਮੰਦਰ ਭਗਵਾਨ ਭੋਲੇਨਾਥ ਦੇ ਜੈਕਾਰਿਆਂ ਨਾਲ ਗੂੰਜਦੇ ਰਹੇ। ਇਸ ਮੌਕੇ ਤੇ ਆਕਾਸ਼ਵਾਣੀ ਜਲੰਧਰ ਦੇ ਸਟਾਫ ਕਾਲੋਨੀ ਵਿਚ ਵਿਸ਼ੇਸ਼ ਪੂਜਾ ਦਾ ਪ੍ਰਬੰਧ ਕੀਤਾ ਗਿਆ ਅਤੇ ਲੰਗਰ ਵਰਤਾਇਆ ਗਿਆ। ਆਕਾਸ਼ਵਾਣੀ ਦੇ ਮੁਖੀ, ਡਿਪਟੀ ਡਾਇਰੇਕਟਰ ਜਨਰਲ ਰਣਜੀਤ ਮੀਣਾ ਸਮੇਤ ਹੋਰ ਅਧਿਕਾਰੀ ਤੇ ਸਟਾਫ ਮੈਂਬਰ ਇਸ ਮੌਕੇ ਮੌਜੂਦ ਰਹੇ।

-------------------------------------------------------

ਇਸ ਦੌਰਾਨ ਮੁਹਾਲੀ ਦੇ ਸ੍ਰੀ ਪਰਸ਼ੂਰਾਮ ਮੰਦਰ ਫੇਸ 9 ਸੰਨਤੀ ਖੇਤਰ ਵਿਖੇ, ਹਰਿਦੁਆਰ ਤੋਂ ਲਿਆਏ ਗਏ ਗੰਗਾ ਜਲ ਨਾਲ ਸ਼ਿਵਲਿੰਗ ਦਾ ਜਲ ਅਭਿਸ਼ੇਕ ਕੀਤਾ ਗਿਆ। ਬ੍ਰਾਹਮਣ ਸਭਾ ਮੋਹਾਲੀ ਦੇ ਪ੍ਰਧਾਨ ਵੀ ਕੇ ਵੈਦ ਨੇ ਦੱਸਿਆ ਕਿ ਹਰਪ੍ਰੀਤ ਸ਼ਰਮਾ, ਹਰਿਦਵਾਰ ਤੋਂ ਕਾਵੜ ਲੈ ਕੇ

ਆਏ ਅਤੇ ਮੰਦਰ ਵਿੱਚ ਉਨਾਂ ਦਾ ਫੁੱਲਾਂ ਦੀ ਵਰਖਾ ਅਤੇ ਢੋਲ ਢਮਾਕੇ ਰਾਹੀਂ ਸਵਾਗਤ ਕੀਤਾ ਗਿਆ। ਇਸ ਉਪਰੰਤ ਪੂਰੀ ਵਿਧੀ ਵਿਧਾਨ ਨਾਲ ਸ਼ਿਵਲਿੰਗ ਤੇ ਜਲ ਅਭਿਸ਼ੇਕ ਕੀਤਾ ਗਿਆ ਅਤੇ ਸ਼ਿਵ ਆਰਤੀ ਤੋਂ ਬਾਅਦ ਸੰਗਤਾਂ ਵਿੱਚ ਪ੍ਰਸ਼ਾਦ ਵੰਡਿਆ ਗਿਆ। ਉਨਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਹਰਪ੍ਰੀਤ ਸ਼ਰਮਾ ਹਰਿਦਵਾਰ ਤੋਂ ਕਾਵੜ ਰਾਹੀਂ ਗੰਗਾ ਜਲ ਸ੍ਰੀ ਪਰਸ਼ੂਰਾਮ ਮੰਦਰ ਲੈ ਕੇ ਆ ਰਹੇ ਨੇ।

---------------------------------------------------

ਪੈਰਿਸ ਓਲੰਪਿਕ ਵਿਚ ਹੁਣ ਤਕ, ਕਾਂਸੇ ਦੇ ਦੋ ਤਗਮੇ ਆਪਣੇ ਨਾਮ ਕਰ ਚੁੱਕੀ ਸ਼ੂਟਰ ਮਨੂ ਭਾਕਰ, 25 ਮੀਟਰ ਏਅਰ ਪਿਸਟਲ ਦੇ ਫਾਈਨਲ ਵਿਚ ਦਾਖ਼ਲ ਹੋ ਗਈ ਏ। ਕਵਾਲੀ-ਫਿਕੇਸ਼ਨ ਰਾਉਂਡ ਵਿਚ ਅੱਜ ਉਹ ਦੂਜੇ ਨੰਬਰ ਤੇ ਰਹੀ ਅਤੇ 590 ਪਵਾਇੰਟਸ ਨਾਲ ਕੁਆਲੀਫਾਈ ਕੀਤਾ। ਫਾਈਨਲ ਮੈਚ ਭਲਕੇ ਦੁਪਹਿਰ ਇਕ ਵਜੇ ਖੇਡਿਆ ਜਾਵੇਗਾ। ਤੀਰਅੰਦਾਜ਼ੀ ਦੇ ਮਿਕਸਡ ਵਰਗ ਵਿਚ, ਭਾਰਤੀ ਜੋਡੀ ਨੇ ਇੰਡੋਨੇਸ਼ੀਆ ਦੇ ਖਿਡਾਰੀਆਂ ਨੂੰ 5 -1 ਦੇ ਫਰਕ ਨਾਲ ਹਰਾਇਆ।

---------------------------------------------------

ਏਧਰ ਪੂਲ ਬੀ ਦੇ ਹਾਕੀ ਦੇ ਆਪਣੇ ਆਖ਼ਰੀ ਲੀਗ ਮੈਚ ਅੱਜ ਭਾਰਤ ਨੇ ਆਸਟਰੇਲੀਆ ਨੂੰ 3 2 ਦੇ ਫਰਕ ਨਾਲ ਹਰਾਇਆ। ਭਾਰਤ ਨੇ ਸਨ 1972 ਤੋਂ ਬਾਅਦ ਪਹਿਲੀ ਵਾਰ ਓਲੰਪਿਕ ਵਿਚ ਆਸਟ੍ਰੇਲੀਆ ਨੂੰ ਹਰਾਇਆ ਏ। GE BIRTHDAY 2 ਭਾਰਤ ਨੇ ਸ਼ੁਰੂਆਤੀ ਅਗੇਤ 12 ਵੇਂ ਮਿੰਟ ਵਿਚ ਅਭਿਸ਼ੇਕ ਦੇ ਫੀਲਡ ਗੋਲ਼ ਨਾਲ ਹਾਸਲ ਕੀਤੀ ਅਤੇ 13 ਵੇਂ ਮਿੰਟ ਤੇ ਭਾਰਤੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਪੇਨਲਟੀ ਕਾਰਨਰ ਤੇ ਇਕ ਗੋਲ਼ ਕਰਕੇ ਟੀਮ ਨੂੰ ਦੋ ਗੋਲਾਂ ਨਾਲ ਅਗੇ ਕਰ ਦਿੱਤਾ। ਦੂਜੇ ਕਵਾਰਟਰ ਦੇ ਖ਼ਤਮ ਹੋਣ ਤੋਂ ਕੁਝ ਮਿੰਟ ਪਹਿਲਾਂ ਆਸਟ੍ਰੇਲੀਆ ਨੇ ਇਕ ਗੋਲ਼ ਕਰਕੇ ਫਰਕ ਨੂੰ ਘੱਟ ਕੀਤਾ। ਤੀਜੇ ਕਵਾਰਟਰ ਦੇ 14 ਵੇਂ ਮਿੰਟ ਵਿਚ ਹਰਮਨਪ੍ਰੀਤ ਸਿੰਘ ਨੇ ਪੇਨਲਟੀ ਸਟ੍ਰੋਕ ਤੇ ਇਕ ਹੋਰ ਗੋਲ਼ ਕਰ ਕੇ ਭਾਰਤ ਨੂੰ ਫੇਰ ਦੋ ਗੋਲਾਂ ਨਾਲ ਅਗੇ ਕੀਤਾ ਜਦਕਿ ਆਸਟ੍ਰੇਲੀਆ ਨੇ ਖੇਡ ਖ਼ਤਮ ਹੋਣ ਤੋਂ ਕੋਈ 6 ਮਿੰਟ ਪਹਿਲਾਂ ਇਕ ਗੋਲ ਕਰਕੇ ਲੀਡ ਨੂੰ 3-2 ਕਰ ਦਿੱਤਾ।

-----------------------------------------------------------

ਫਾਜ਼ਿਲਕਾ ਜ਼ਿਲੇ ਵਿਚ, ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ’ਤੇ, ਬੀ. ਐਸ. ਐਫ. ਡੀ ਸਾਦਕੀ ਚੌਕੀ ’ਤੇ ਬੀਤੀ ਦੇਰ ਰਾਤ

ਨੂੰ ਪਾਕਿਸਤਾਨ ਵਾਲੇ ਪਾਸਿਓਂ, ਭਾਰਤ ਵਿਚ ਇਕ ਨੌਜਵਾਨ ਨੇ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ। ਡਿਊਟੀ 'ਤੇ ਤਾਇਨਾਤ ਬੀ. ਐਸ. ਐਫ. ਦੇ ਜਵਾਨ ਨੇ ਉਸ ਨੂੰ ਰੋਕਿਆ, ਫਿਰ ਵੀ ਉਹ ਘੁਸਪੈਠੀਆ ਅੱਗੇ ਵਧਦਾ ਗਿਆ, ਜਿਸ ਤੇ ਜਵਾਨਾਂ ਨੂੰ ਗੋਲੀ ਚਲਾਉਣੀ ਪਈ। ਜਦੋਂ ਬੀ ਐਸ ਐਫ ਵਲੋ ਤਲਾਸ਼ੀ ਲਈ ਗਈ ਤਾਂ ਘਟਨਾ ਵਾਲੀ ਥਾਂ ਤੋਂ ਨੌਜਵਾਨ ਦੀ ਲਾਸ਼ ਬਰਾਮਦ ਹੋਈ। ਜਿਕਰਯੋਗ ਏ ਕਿ ਲਾਸ਼ ਦੀ ਤਲਾਸ਼ੀ ਦੌਰਾਨ ਜੇਬ ’ਚੋਂ ਇੱਕ ਬੈਗ ਮਿਲਿਆ ਜਿਸ ਵਿੱਚ ਸਿਗਰੇਟ ਲਾਈਟਰ ਅਤੇ ਈਅਰਫੋਨ ਸਨ। ਕੁੱਝ ਪਾਊਚ ਵੀ ਮਿਲੇ ਜਿਸ ਉੱਤੇ ਉਰਦੂ ਲਿਪੀ ਵਿੱਚ ਲਿਖਿਆ ਹੋਇਆ ਸੀ। ਬੀ. ਐਸ. ਐਫ. ਵਲੋਂ ਆਲੇ ਦੁਆਲੇ ਦੇ ਇਲਾਕੇ ਵਿਚ ਤਲਾਸ਼ੀ ਮੁਹਿੰਮ  ਜਾਰੀ ਏ।

---------------------------------------------------------

ਮੁਹਾਲੀ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ, ਪਹਿਲੀ ਤੋਂ 7 ਅਗੱਸਤ ਤਕ ਵਿਸ਼ਵ ਸਤਨਪਾਨ ਹਫ਼ਤਾ ਮਨਾਇਆ ਜਾ ਰਿਹਾ ਏ। ਇਸ ਸਬੰਧ ਵਿਚ ਅੱਜ ਜ਼ਿਲ੍ਹਾ ਹਸਪਤਾਲ ਵਿਖੇ ਸਤਨਪਾਨ ਦੀ ਮਹੱਤਤਾ ਦਰਸਾਉਂਦਾ ਪੋਸਟਰ ਜਾਰੀ ਕੀਤਾ ਗਿਆ ਅਤੇ ਜ਼ਿਲ੍ਹੇ ਦੀਆਂ ਆਸ਼ਾ ਵਰਕਰਾਂ ਨੂੰ ਜ਼ਰੂਰੀ ਜਾਣਕਾਰੀ ਤੇ ਹਦਾਇਤਾਂ ਵੀ ਦਿਤੀਆਂ

ਗਈਆਂ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਇਸ ਹਫ਼ਤੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਆਉਣ ਵਾਲੇ ਮਰੀਜ਼ਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਉਚੇਚੇ ਤੌਰ ’ਤੇ ਜਾਣਕਾਰੀ ਦਿਤੀ ਜਾ ਰਹੀ ਏ। ਉਨ੍ਹਾਂ ਦਸਿਆ ਕਿ ਇਹ ਹਫ਼ਤਾ ਹਰ ਸਾਲ ਮਨਾਇਆ ਜਾਂਦਾ ਏ ਅਤੇ ਇਸ ਵਾਰ ਇਸ ਦਾ ਵਿਸ਼ਾ ‘ਪਾੜੇ ਨੂੰ ਪੂਰਦਿਆਂ : ਸਤਨਪਾਨ ਸਹਾਇਤਾ ਸਭਨਾਂ ਲਈ’ ਰੱਖਿਆ ਗਿਆ। ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਮਾਂ ਦਾ ਦੁੱਧ, ਬੱਚੇ ਦੀ ਤੰਦਰੁਸਤੀ ਲਈ ਬੇਹੱਦ ਜ਼ਰੂਰੀ ਏ, ਕਿਉਂਕਿ ਇਹ ਕਈ ਬੀਮਾਰੀਆਂ ਤੋਂ ਬਚਾਅ ਕਰਦਾ ਏ। ਇਸ ਲਈ ਹਰ ਮਾਂ ਨੂੰ ਬੱਚੇ ਦੇ ਜਨਮ ਤੋਂ ਬਾਅਦ ਛੇ ਮਹੀਨੇ ਤਕ ਉਸ ਨੂੰ ਅਪਣਾ ਦੁੱਧ ਪਿਲਾਉਣਾ ਚਾਹੀਦਾ ਏ ਅਤੇ ਮਾਂ ਦੇ ਦੁੱਧ ਨਾਲ ਨਵਜਨਮੇ ਬੱਚਿਆਂ ਦੀਆਂ ਮੌਤਾਂ ਨੂੰ 20 ਫ਼ੀਸਦੀ ਤਕ ਘਟਾਇਆ ਜਾ ਸਕਦਾ ਏ।